United Utilities
helping life flow smoothly

# ਪਾਣੀ ਨੂੰ ਸਿਆਣਪ ਨਾਲ ਵਰਤਣ ਸਬੰਧੀ ਗਾਈਡ





# ਪਾਣੀ ਤੇ ਬੱਚਤਾਂ

## ਪਾਣੀ ਬਚਾਉਣਾ ਸਿਰਫ਼ ਧਰਤੀ ਲਈ ਹੀ ਠੀਕ ਨਹੀਂ ਹੈ, ਬਲਕਿ ਇਹ ਬੈਂਕ ਵਿਚ ਜਮ੍ਹਾ ਤੁਹਾਡੀ ਰਕਮ ਲਈ ਵੀ ਚੰਗਾ ਹੋ ਸਕਦਾ ਹੈ - ਇਹਨਾਂ ਔਖੇ ਆਰਥਕ ਸਮਿਆਂ ਵਿਚ ਇਹ ਮਾੜੀ ਗੱਲ ਨਹੀਂ ਹੈ।

ਤੁਹਾਡੇ ਘਰ ਵਿਚ ਵਰਤਿਆ ਜਾਣ ਵਾਲਾ ਅੱਧਾ ਪਾਣੀ ਗੈਸ ਜਾਂ ਬਿਜਲੀ ਨਾਲ ਗਰਮ ਕੀਤਾ ਜਾਂਦਾ ਹੈ। ਗਰਮ ਪਾਣੀ ਦੀ ਵਰਤੋਂ ਵਿਚ ਸਰਫ਼ਾ ਕਰਨ ਨਾਲ ਤੁਹਾਨੂੰ ਆਪਣਾ ਬਿਜਲੀ ਦਾ ਬਿੱਲ ਘੱਟ ਕਰਨ ਵਿਚ ਮਦਦ ਮਿਲ ਸਕਦੀ ਹੈ।*

ਅਤੇ, ਜੇ ਤੁਸੀਂ ਪਾਣੀ ਦੇ ਮੀਟਰ ਵਾਲੇ ਸਾਡੇ ਗਾਹਕਾਂ ਵਿਚੋਂ ਇੱਕ ਹੋ, ਤਾਂ ਤੁਹਾਨੂੰ ਪਹਿਲਾਂ ਹੀ ਪਤਾ ਹੈ ਕਿ ਘੱਟ ਪਾਣੀ ਵਰਤਣ ਨਾਲ ਵੀ ਤੁਹਾਡੇ ਪਾਣੀ ਦੇ ਬਿੱਲ ਤੇ ਵੀ ਤੁਹਾਡਾ ਪੈਸਾ ਬਚਦਾ ਹੈ।

ਤੁਸੀਂ ਅਜੇ ਵੀ ਆਪਣੀ ਲੋੜ ਮੁਤਾਬਕ ਸਾਰਾ ਪਾਣੀ ਵਰਤ ਸਕਦੇ ਹੋ, ਪਰ ਆਪਣੇ ਰੋਜ਼ ਦੇ ਨੇਮ ਵਿਚ ਕੁਝ ਮੋੜੇ ਪਾਕੇ ਤੁਸੀਂ ਛੇਤੀ ਹੀ ਸਕੂਨ ਮਹਿਸੂਸ ਕਰ ਸਕਦੇ ਹੋ!

## ਇਸਨੂੰ ਸ਼ੁਰੂ ਕਰਨ ਲਈ ਤੁਹਾਡੀ ਮਦਦ ਵਾਸਤੇ ਇਸ ਲੀਫ਼ਲੈਟ ਵਿਚ ਕੁਝ ਅਸਾਨ ਸੁਝਾਅ ਦਿੱਤੇ ਗਏ ਹਨ। ਅਨੰਦ ਮਾਣੋ!

** ਜੇ ਤੁਹਾਡੇ ਘਰ ਵਿਚ ਗਰਮ ਪਾਣੀ ਦੇ ਟੈਂਕ ਰਾਹੀਂ ਪਾਣੀ ਦੀ ਸਪਲਾਈ ਨਹੀਂ ਹੈ, ਇਸਤੋਂ ਪਹਿਲਾਂ ਕਿ ਤੁਸੀਂ ਕੋਈ ਬੱਚਤਾਂ ਕਰੋ, ਤੁਹਾਨੂੰ ਘੱਟ ਗਰਮ ਪਾਣੀ ਦੀ ਲੋੜ ਦੱਸਣ ਵਾਲੇ ਆਪਣੇ ਟਾਈਮਰ ਕੰਟਰੋਲਰ ਨੂੰ ਸੈਟ ਕਰਨਾ ਪੈ ਸਕਦਾ ਹੈ।*

ਕੋਈ ਨਹੀਂ ਚਾਹੁੰਦਾ ਕਿ ਉਸਦਾ ਪੈਸਾ ਪਾਣੀ ਵਿਚ ਰੁੜ੍ਹੇ




# ਜ਼ਰਾ ਕੁ ਉਡੀਕ ਕਰੋ... ਕੀ ਤੁਹਾਨੂੰ ਪਤਾ ਸੀ? ?

ਔਸਤਨ, ਸਾਡੇ ਚੋਂ ਹਰੇਕ ਹਰ ਰੋਜ਼ 150 ਲੀਟਰ ਪਾਣੀ ਵਰਤਦਾ ਹੈ। ਆਪਣੇ ਦਰਵਾਜ਼ੇ ਸਾਹਮਣੇ ਬਹੁਤ ਸਾਰੇ ਪਾਣੀ ਬਾਰੇ ਸੋਚੋ!

**ਤੁਹਾਡੀ ਟੂਟੀ ਵਿਚੋਂ ਨਿਕਲਣ ਵਾਲੇ ਪਾਣੀ** ਨੂੰ ਇਕੱਠਾ ਕੀਤਾ ਜਾਂਦਾ ਹੈ, ਸਾਫ਼ ਜਾਂਦਾ ਹੈ ਅਤੇ ਤੁਹਾਡੇ ਘਰਾਂ ਤੱਕ ਪੁਚਾਇਆ ਜਾਂਦਾ ਹੈ। ਇਸ ਅਮਲ ਲਈ ਬਹੁਤ ਸਾਰੇ ਪਾਣੀ ਦੀ ਲੋੜ ਪੈਂਦੀ ਹੈ, ਇਸ ਲਈ ਪਾਣੀ ਦੀ ਆਪਣੀ ਵਰਤੋਂ ਘੱਟ ਕਰਕੇ, ਤੁਸੀਂ ਨਾੱਰਥ ਵੈਸਟ ਦੀ ਕਾਰਬਨ ਨਿਕਾਸੀ ਨੂੰ ਘੱਟ ਕਰਨ ਵਿਚ ਮਦਦ ਕਰੋਗੇ।

**ਔਸਤਨ ਪਰਿਵਾਰ ਹਰ ਸਾਲ 1.5 ਟਨ ਜ਼ਹਿਰੀਲੀਆਂ ਗੈਸਾਂ ਦਾ ਨਿਕਾਸ ਕਰਦਾ ਹੈ** ਸਿਰਫ਼ ਗਰਮ ਪਾਣੀ ਦੀ ਵਰਤੋਂ ਨਾਲ। 2020 ਤੱਕ, ਯੂਕੇ ਦੀ ਅਬਾਦੀ ਦੇ ਵਾਧੇ ਦਾ ਮਤਲਬ ਹੈ, ਪਾਣੀ ਦੀ ਮੰਗ ਵਿਚ 5% ਤੱਕ ਵਾਧਾ ਹੋ ਸਕਦਾ ਹੈ - ਇਸਦਾ ਮਤਲਬ ਹੈ, ਰੋਜ਼ 800 ਮਿਲੀਅਨ ਲੀਟਰ ਵਾਧੂ ਪਾਣੀ।

# ਤੁਸੀਂ ਕਿੰਨਾ ਪਾਣੀ ਵਰਤਦੇ ਹੋ?

ਇਸਤੋਂ ਪਹਿਲਾਂ ਕਿ ਅਸੀਂ ਤੁਹਾਨੂੰ ਦੱਸੀਏ ਕਿ ਪਾਣੀ ਬਚਾਉਣਾ ਕਿੰਨਾ ਅਸਾਨ ਹੈ, ਤੁਸੀਂ ਇਸ ਵੇਲੇ ਕਿੰਨਾ ਪਾਣੀ ਵਰਤ ਰਹੇ ਹੋ, ਨੂੰ ਚੰਗੀ ਤਰ੍ਹਾਂ ਸਮਝਣ ਲਈ, ਤੁਹਾਨੂੰ ਸਾਹਮਣੇ ਵਾਲਾ ਟੇਬਲ ਭਰਕੇ ਪੂਰਾ ਕਰਨਾ ਲਾਹੇਵੰਦ ਲੱਗ ਸਕਦਾ ਹੈ।

ਜਦੋਂ ਤੁਸੀਂ ਹਰ ਵਾਰੀ ਘਰ ਵਿਚ ਜਾਂ ਬਗ਼ੀਚੇ ਵਿਚ ਪਾਣੀ ਵਰਤਦੇ ਹੋ, ਤਾਂ ਇਸ ਬਾਰੇ ਟੇਬਲ ਵਿਚ ਲਿਖੋ। ਦਿਨ ਦੇ ਅਖ਼ੀਰ ਤੇ, ਪਤਾ ਲਾਓ ਕਿ ਤੁਸੀਂ ਕਿੰਨਾ ਪਾਣੀ ਵਰਤਿਆ ਹੈ।

ਜੇ ਤੁਸੀਂ ਔਸਤ ਮਾਤਰਾ ਤੋਂ ਵੱਧ ਪਾਣੀ ਵਰਤ ਰਹੇ ਹੋ, ਤਾਂ ਤੁਸੀਂ ਇਸ ਪੁਸਤਿਕਾ ਵਿਚ ਦਿੱਤੀ ਗਈ ਸਲਾਹ ਦੀ ਪਾਲਣਾ ਕਰਕੇ ਆਪਣੇ ਪਾਣੀ ਦੀ ਖਪਤ ਵਿਚ ਕਮੀ ਲਿਆ ਸਕੋਗੇ। ਅਤੇ ਯਾਦ ਰਖੋ, ਜੇ ਤੁਹਾਡੇ ਪਾਣੀ ਦੀਆਂ ਲਾਗਤਾਂ ਮੀਟਰ ਦੀ ਰੀਡਿੰਗ ਅਨੁਸਾਰ ਆਉਂਦੀਆਂ ਹਨ, ਤਾਂ ਪਾਣੀ ਦੀ ਆਪਣੀ ਵਰਤੋਂ ਵਿਚ ਕਿਸੇ ਕਮੀ ਨਾਲ, ਤੁਹਾਨੂੰ ਪਾਣੀ ਦਾ ਬਿੱਲ ਘੱਟ ਹੋਣ ਦਾ ਵਾਧੂ ਲਾਭ ਵੀ ਮਿਲੇਗਾ।



ਘਰ ਵਿਚ ਰੋਜ਼ ਇੱਕ ਵਿਅਕਤੀ ਔਸਤਨ ਲਗਭਗ 150 ਲੀਟਰ ਪਾਣੀ ਦੀ

# ਤੁਹਾਡੀ ਸਵੈ-ਮੁਲਾਂਕਣ ਜਾਂਚ-ਸੂਚੀ

| ਸਰਗਰਮੀ | ਵਰਤੇ ਗਏ ਪਾਣੀ ਦੀ ਔਸਤ ਮਾਤਰਾ (ਲੀਟਰ) | ਨਾਲ ਗੁਣਾ | ਹਰ ਰੋਜ਼ ਕਿੰਨੀ ਵਾਰੀ | ਬਰਾਬਰ | ਰੋਜ਼ ਕੁਲ |
|---|---|---|---|---|---|
| **ਗ਼ੁਸਲਖ਼ਾਨਾ** | | | | | |
| ਨਹਾਉਣਾ | 75 | x | | = | |
| ਸ਼ਾਵਰ* | 35 | x | | = | |
| ਬਿਜਲੀ ਨਾਲ ਚੱਲਣ ਵਾਲਾ ਸ਼ਾਵਰ* | 80 | x | | = | |
| ਟਾੱਇਲਟ ਦੀ ਫ਼ਲਸ਼ | 9 | x | | = | |
| ਪਾਣੀ ਦੀ ਬਚਤ ਵਾਲੇ ਉਪਕਰਣ ਵਾਲੀ ਟਾੱਇਲਟ ਦੀ ਫ਼ਲਸ਼ | 8 | x | | = | |
| ਨਵੀਂ ਟਾੱਇਲਟ ਫ਼ਲਸ਼ (2000 ਤੋਂ ਲੱਗੀ ਹੋਈ) | 6 | x | | = | |
| ਬੇਸਿਨ ਦੀ ਟੂਟੀ | 9 ਫ਼ੀ ਮਿੰਟ | x | | = | |
| **ਰਸੋਈ** | | | | | |
| ਧੋਆ-ਧੁਆਈ ਵਾਲਾ ਭਾਂਡਾ | 10 | x | | = | |
| ਵਾੱਸ਼ਿੰਗ ਮਸ਼ੀਨ | 70 | x | | = | |
| ਡਿਸ਼ਵਾਸ਼ਰ | 30 | x | | = | |
| ਰਸੋਈ ਦੀਆਂ ਟੂਟੀਆਂ | 9 ਫ਼ੀ ਮਿੰਟ | x | | = | |
| **ਬਗੀਚਾ** | | | | | |
| ਬੂਟਿਆਂ ਨੂੰ ਪਾਣੀ ਦੇਣ ਵਾਲੀ ਕੈਨ | 10 | x | | = | |
| ਹੋਜ਼ਪਾਈਪ / ਸਪ੍ਰਿੰਕਲਰ | 540 ਫ਼ੀ ਘੰਟਾ | x | | = | |
| **ਘਰ ਵਿਚ ਰੋਜ਼ ਵਰਤੀ ਕੁਲ ਮਾਤਰਾ** | | | | = | |

*5 ਮਿੰਟ ਸ਼ਾਵਰ ਚਲਾਉਣ ਤੇ ਵਰਤੀ ਗਈ ਮਾਤਰਾ

## ਘਰ ਵਿਚ ਵਰਤੇ ਜਾਂਦੇ ਪਾਣੀ ਦੀ ਔਸਤ

1: ਟਾੱਇਲਟ ਦੀ ਫ਼ਲਸ਼ ਚਲਾਉਣਾ **30%**
2: ਨਹਾਉਣਾ ਅਤੇ ਟੂਟੀਆਂ **21%**
3: ਕਪੜੇ ਧੋਣਾ **13%**
4: ਸ਼ਾਵਰ **12%**
5: ਧੋਆ-ਧੁਆਈ **8%**
6: ਬਾਹਰ **7%**
7: ਡ੍ਰਿੰਕਿੰਗ **4%**
8: ਹੋਰ **5%**




waterwise.org.uk ਤੋਂ ਅੰਕੜੇ

ਵਰਤੋਂ ਕਰਦਾ ਹੈ।



# ਰਸੋਈ ਵਿਚ ਚੰਗੀਆਂ ਬੱਚਤਾਂ

ਪਾਣੀ ਬਚਾਉਣ ਵਾਲੇ ਹੀਰੋ ਵਜੋਂ ਸੋਚਣ ਲਈ, ਰਸੋਈ ਤੋਂ ਇਲਾਵਾ ਪਾਣੀ ਬਚਾਉਣਾ ਸ਼ੁਰੂ ਕਰਨ ਲਈ ਹੋਰ ਵਧੀਆ ਥਾਂ ਕਿਹੜੀ ਹੈ? ਉਪਰ ਦਿੱਤੇ ਗਏ ਸੁਝਾਵਾਂ ਨਾਲ ਤੁਸੀਂ ਹਰ ਹਫ਼ਤੇ ਸੈਂਕੜੇ ਲੀਟਰ ਪਾਣੀ ਬਚਾ ਸਕਦੇ ਹੋ, ਅਤੇ ਬਦਲੇ ਵਿਚ ਕੁਝ ਪੌਂਡ ਬਚਾ ਸਕਦੇ ਹੋ। ਕੇਤਲੀ ਰਖੋ ਅਤੇ ਰੀਡਿੰਗ ਵੇਖੋ!

## ਇਸ ਵਿਚ ਪਲੱਗ ਲਾਓ!

ਟੂਟੀ ਖੁਲ੍ਹੀ ਛੱਡਣ ਦੀ ਥਾਂ, ਸਿੰਕ ਵਿਚ ਸਿਰਫ਼ ਪਲੱਗ ਲਾਕੇ, ਤੁਸੀਂ ਹਰ ਛੇ ਸੈਕਿੰਡ ਵਿਚ ਇੱਕ ਲੀਟਰ ਪਾਣੀ ਬਚਾਓਗੇ। ਅਗਲੀ ਵਾਰੀ ਇਹ ਗੱਲ ਯਾਦ ਰਖੋ ਕਿ ਤੁਸੀਂ ਆਲੂ ਛਿੱਲ ਰਹੇ ਹੋ ਜਾਂ ਧੋਆ-ਧੁਆਈ ਕਰ ਰਹੇ ਹੋ।

## ਆਪਣੇ ਭਾਂਡੇ ਮਾਂਜਣ ਲੱਗਿਆਂ ਸੰਜਮ ਵਿਖਾਓ

ਭਾਂਡੇ ਨੂੰ ਓਨਾ ਹੀ ਭਰਨ ਦੀ ਆਦਤ ਪਾਓ, ਜਿੰਨੀ ਤੁਹਾਨੂੰ ਲੋੜ ਹੈ। ਇਸ ਤਰ੍ਹਾਂ ਤੁਸੀਂ ਪਾਣੀ ਅਤੇ ਬਿਜਲੀ ਬਚਾਓਗੇ। ਡ੍ਰਿੰਕ ਲਈ ਕੋਈ ਵੀ?

## ਚੋਣ ਵਾਲੀਆਂ ਟੂਟੀਆਂ ਦੀਆਂ ਵਾਸ਼ਰਾਂ ਬਦਲਕੇ

## ਭਰੋ ਅਤੇ ਸਵਿਚ ਆੱਨ ਕਰੋ

ਇੱਕ ਔਸਤ ਵਾਸ਼ਿੰਗ ਮਸ਼ੀਨ ਵਿਚ 70 ਲੀਟਰ ਪਾਣੀ ਅਤੇ ਡਿਸ਼ਵਾਸ਼ਰ ਵਿਚ 30 ਲੀਟਰ ਪਾਣੀ ਲੱਗਦਾ ਹੈ। 'ਸ਼ੁਰੂ' ਬਟਨ ਦੱਬਣ ਤੋਂ ਪਹਿਲਾਂ ਤੁਸੀਂ ਪੂਰੀ ਮਸ਼ੀਨ ਭਰਨ ਤੱਕ ਉਡੀਕ ਕਰਕੇ, ਤੁਸੀਂ ਬਿਜਲੀ ਅਤੇ ਪਾਣੀ ਬਚਾਓਗੇ।

ਜੇ ਤੁਸੀਂ ਇੱਕ ਨਵੀਂ ਮਸ਼ੀਨ ਦੀ ਚੋਣ ਕਰ ਰਹੇ ਹੋ, ਤਾਂ ਇਹ ਵੇਖਣਾ ਯਕੀਨੀ ਬਣਾਓ ਕਿ ਇਹ ਬਿਜਲੀ ਅਤੇ ਪਾਣੀ ਬਚਾਉਣ ਵਾਲੀ ਹੈ। ਇਹ ਜਾਣਕਾਰੀ ਸਾਰੇ ਨਵੇਂ ਤਿਆਰ ਮਾੱਡਲਾਂ ਲਈ ਹੈ। ਥੋੜ੍ਹਾ ਬਹੁਤ ਸੋਚਣ ਨਾਲ ਹੀ ਤੁਸੀਂ ਲੰਮੇ ਸਮੇਂ ਵਿਚ ਕਾਫ਼ੀ ਵੱਡੀ ਬਚਤ ਕਰ ਸਕਦੇ ਹੋ।



ਪਾਣੀ ਅਤੇ ਬਿਜਲੀ ਬਚਾਉਣ ਵਾਲੀ ਵਾਸ਼ਿੰਗ ਮਸ਼ੀਨ ਦੀ ਭਾਲ ਕਰ ਰਹੇ ਹੋ? ਫਿਰ ਕੁਝ ਵੱਡੇ ਫ਼ਾਇਦਿਆਂ ਲਈ ਸਾਡੀ ਵੈਬਸਾਈਟ ਵੇਖੋ। ਪੂਰੇ ਵੇਰਵਿਆਂ ਲਈ **unitedutilities.com/waterwise** ਤੇ ਜਾਓ।

## ਇਸ ਨੂੰ ਠੰਡਾ ਰਖੋ

ਪਿਆਸ ਮਹਿਸੂਸ ਹੋ ਰਹੀ ਹੈ? ਪੀਣ ਵਾਲੇ ਪਾਣੀ ਦੇ ਭਾਂਡੇ ਨੂੰ ਫ੍ਰਿਜ ਵਿਚ ਕਿਉਂ ਨਹੀਂ ਰਖਦੇ? ਇਸ ਤਰ੍ਹਾਂ, ਤੁਹਾਨੂੰ ਠੰਡੇ ਪਾਣੀ ਦੀ ਲੋੜ ਪੈਣ ਤੇ ਤੁਹਾਨੂੰ ਹਰ ਵਾਰੀ ਟੂਟੀ ਖੋਲ੍ਹਣ ਦੀ ਲੋੜ ਨਹੀਂ ਪੈਣੀ।

**ਤੁਸੀਂ ਇੱਕ ਸਾਲ ਵਿਚ 1,000 ਲੀਟਰ ਤੋਂ ਵੱਧ ਪਾਣੀ ਬਚਾ ਸਕਦੇ ਹੋ!**

## ਡ੍ਰਿਪ, ਡ੍ਰਿਪ, ਡ੍ਰਿਪ...

ਖ਼ਾਸ ਤੌਰ ਤੇ ਚੋਣ ਵਾਲੀ ਟੂਟੀ ਤੋਂ ਵੱਧ ਪਰੇਸ਼ਾਨ ਕਰਨ ਵਾਲੀ ਕੋਈ ਗੱਲ ਨਹੀਂ ਹੈ, ਕਿਉਂਕਿ ਇਸ ਨਾਲ ਇੱਕ ਸਾਲ ਵਿਚ 1,544 ਲੀਟਰ ਪਾਣੀ ਬਰਬਾਦ ਹੁੰਦਾ ਹੈ। ਜੋ ਕਿ ਵੀਹ ਵਾਰੀ ਨ੍ਹਾਉਣ ਲਈ ਕਾਫ਼ੀ ਹੈ! ਹੁਣ ਤੁਸੀਂ ਵਾਧੂ ਵਾਸ਼ਰਾਂ ਕਿਥੇ ਰਖੀਆਂ ਸੀ?

# ਗ਼ੁਸਲਖ਼ਾਨੇ ਵਿਚ ਪਾਣੀ ਦੀ ਬੱਚਤ ਨਾਲ ਬਿਲ ਘੱਟ ਕਰਨਾ

ਗ਼ੁਸਲਖ਼ਾਨੇ ਵਿਚ ਪਾਣੀ ਬਚਾਉਣ ਦੇ ਬਹੁਤ ਸਾਰੇ ਤਰੀਕੇ ਹਨ। ਤੁਸੀਂ ਆਪਣੇ ਰੋਜ਼ ਦੇ ਕੰਮਾਂ ਵਿਚ ਇਹਨਾਂ ਵਿਚੋਂ ਕੁਝ ਨੂੰ ਸ਼ਾਮਿਲ ਕਰੋ ਅਤੇ ਤੁਸੀਂ ਸਾਫ਼-ਸਫ਼ਾਈ ਕਰ ਸਕਦੇ ਹੋ!

## ਆਪਣੇ ਦੰਦ ਸਾਫ਼ ਕਰਨਾ

ਆਪਣੇ ਦੰਦ ਸਾਫ਼ ਕਰਨ ਲੱਗਿਆਂ ਵਗਦਾ ਪਾਣੀ ਛੱਡਣ ਨਾਲ ਤੁਸੀਂ ਹਰ ਮਿੰਟ ਵਿਚ 9 ਲੀਟਰ ਪਾਣੀ ਬਰਬਾਦ ਕਰ ਸਕਦੇ ਹੋ - ਜੋ ਕਿ ਇੱਕ ਸਾਲ ਵਿਚ 6,570 ਲੀਟਰ ਬਣਦਾ ਹੈ! ਯਾਦ ਰਖੋ: ਬੁਰਸ਼ ਕਰਨ ਅਤੇ ਫ਼ਲੱਸ ਕਰਨ ਲੱਗਿਆਂ, ਟੂਟੀ ਬੰਦ ਕਰ ਦਿਓ।

## ਇੱਕ ਛਿਣ ਰੁਕੋ...ਕੀ ਤੁਹਾਨੂੰ ਪਤਾ ਹੈ?

?

ਇੱਕ ਆਮ ਸ਼ਾਵਰ ਨਾਲ 35 ਲੀਟਰ ਪਾਣੀ ਵਰਤੇ ਜਾਣ ਦੇ ਮੁਕਾਬਲੇ, **ਬਿਜਲੀ ਨਾਲ ਚੱਲਣ ਵਾਲੇ ਸ਼ਾਵਰ ਨਾਲ ਲਗਭਗ 80 ਲੀਟਰ ਪਾਣੀ ਵਰਤਿਆ ਜਾਂਦਾ ਹੈ** (5 ਮਿੰਟ ਸ਼ਾਵਰ ਚਲਾਉਣ ਦੇ ਅਧਾਰ ਤੇ)।

**ਪੁਰਾਣੀਆਂ ਟਾੱਇਲਟਾਂ (2000 ਤੋਂ ਪਹਿਲਾਂ ਦੀਆਂ) ਵਿਚ** ਹਰ ਵਾਰੀ ਫ਼ਲਸ਼ ਚਲਾਉਣ **ਤੇ ਨੌ ਲੀਟਰ ਪਾਣੀ ਵਰਤਿਆ ਜਾਂਦਾ ਹੈ।** ਨਵੀਆਂ ਟਾੱਇਲਟਾਂ ਵਿਚ ਲਗਭਗ ਛੇ ਲੀਟਰ ਪਾਣੀ ਵਰਤਿਆ ਜਾਂਦਾ ਹੈ।

**ਚਾਰ ਮਿੰਟ ਦਾ ਸ਼ਾਵਰ ਲੈਣ ਦੀ ਕੋਸ਼ਿਸ਼ ਕਰੋ!** ਜੇ ਤੁਸੀਂ ਸਮਾਂ ਹੋਰ ਘੱਟਾ ਸਕਦੇ ਹੋ, ਤਾਂ ਤੁਸੀਂ ਯਕੀਨੀ ਤੌਰ ਤੇ ਆਪਣੀਆਂ ਲਾਗਤਾਂ ਘਟਾ ਸਕਦੇ ਹੋ।

## ਸ਼ਾਵਰ ਬਨਾਮ ਨ੍ਹਾਉਣਾ

ਇੱਕ ਆਮ ਸ਼ਾਵਰ ਵਿਚ, ਆਮ ਤੌਰ ਤੇ ਨ੍ਹਾਉਣ ਲਈ ਵਰਤੇ ਜਾਣ ਵਾਲੇ ਪਾਣੀ ਤੋਂ ਅੱਧਾ ਪਾਣੀ ਵਰਤਿਆ ਜਾਂਦਾ ਹੈ। ਇਸ ਲਈ ਜੇ ਤੁਸੀਂ ਪਾਣੀ ਬਚਾਉਣਾ ਚਾਹੁੰਦੇ ਹੋ, ਤਾਂ ਖੜੇ ਹੋ ਕੇ ਨਹਾਉਣਾ, ਸਪਸ਼ਟ ਤੌਰ ਤੇ ਸਹੀ ਤਰੀਕਾ ਹੈ। ਪਾਣੀ ਨਾਲ ਸਿੱਧਾ ਨ੍ਹਾਉਣ ਦੀ ਥਾਂ, ਹਰ ਵਾਰੀ ਰੋਜ਼ ਸ਼ਾਵਰ ਲੈਣ ਨਾਲ, ਸਾਲ ਵਿਚ ਲਗਭਗ 15,000 ਲੀਟਰ ਪਾਣੀ ਬਚਦਾ ਹੈ।

ਜੇ ਤੁਸੀਂ ਪਾਵਰ ਸ਼ਾਵਰ ਲੈਂਦੇ ਹੋ, ਤਾਂ ਤੁਸੀਂ ਘੱਟ ਸਮੇਂ ਦਾ ਸ਼ਾਵਰ ਲੈਣ ਬਾਰੇ ਵਿਚਾਰ ਸਕਦੇ ਹੋ, ਕਿਉਂਕਿ ਉਹ, ਬਿਜਲੀ ਵਾਲੇ ਰੂਪ ਤੋਂ ਕਾਫ਼ੀ ਵੱਧ ਪਾਣੀ ਦੀ ਵਰਤੋਂ ਕਰਦੇ ਹਨ। ਇਹ ਕੁਝ ਕੁਝ ਸਪੋਰਟਸ ਕਾਰ ਰਖਣ ਵਾਂਗ ਹੈ - ਉਹਨਾਂ ਨੂੰ ਚਲਾਉਣ ਵਿਚ ਬਹੁਤ ਮਜ਼ਾ ਆਉਂਦਾ ਹੈ, ਪਰ ਇਹ ਗੱਲ ਪੱਕੀ ਹੈ ਕਿ ਇਸਨੂੰ ਚਲਾਉਣ ਵਿਚ ਚੋਖਾ ਪੈਸਾ ਲੱਗਦਾ ਹੈ!

ਜੇ ਤੁਸੀਂ ਬਿਜਲੀ ਵਾਲਾ ਸ਼ਾਵਰ ਨਹੀਂ ਵਰਤ ਰਹੇ, ਤਾਂ ਤੁਸੀਂ ਸਾਨੂੰ ਮੁਫ਼ਤ ਉਪਕਰਣ ਲਈ ਕਹਿ ਸਕਦੇ ਹੋ, ਜਿਸ ਨਾਲ ਹਰ ਵਾਰੀ ਸ਼ਾਵਰ ਲੈਣ ਤੇ ਪਾਣੀ ਦੀ ਬੱਚਤ ਹੁੰਦੀ ਹੈ। ਆੱਰਡਰ ਕਿਵੇਂ ਕਰੋ ਲਈ, ਪਿਛਲੇ ਸਫ਼ੇ ਤੇ ਦਿੱਤੇ ਵੇਰਵੇ ਵੇਖੋ।

## ਗਰਮ ਪਾਣੀ ਘੱਟ ਵਰਤਣ ਦਾ ਮਤਲਬ

# ਕਾਮਯਾਬੀ ਨਾਲ ਫ਼ਲੱਸ਼ ਕਰਨ ਦਾ ਅਹਿਸਾਸ

ਅਸੀਂ ਜਿਹੜਾ ਪਾਣੀ ਰੋਜ਼ ਵਰਤਦੇ ਹਾਂ, ਉਸਦਾ ਤੀਜਾ ਹਿੱਸਾ ਸਿੱਧਿਆਂ ਟਾੱਇਲਟ ਵਿਚ ਵਰਤਿਆ ਜਾਂਦਾ ਹੈ।

ਘੱਟ ਜਾਂ ਦੁਹਰੇ ਫਲਸ਼ ਵਾਲੀਆਂ ਨਵੀਆਂ ਟਾੱਇਲਟਾਂ ਨਾਲ ਤੁਸੀਂ ਹਰ ਵਾਰੀ ਕਈ ਲੀਟਰ ਪਾਣੀ ਤੇ ਖ਼ਰਚ ਹੁੰਦੇ ਪੈਸੇ ਬਚਾ ਸਕਦੇ ਹੋ। ਪਰ ਜੇ ਤੁਹਾਡੇ ਕੋਲ ਪੁਰਾਣੀ ਟਾੱਇਲਟ ਹੈ, ਤਾਂ ਫ਼ਲਸ਼ ਕਰਨ ਵੇਲੇ ਪਾਣੀ ਬਚਾਉਣ ਵਾਲਾ ਉਪਕਰਣ ਲਾਕੇ ਵੀ ਤੁਸੀਂ ਵੱਡਾ ਫ਼ਰਕ ਲਿਆ ਸਕਦੇ ਹੋ। ਅਸੀਂ ਇਹ ਦਸਤੀ ਛੋਟੇ ਉਪਕਰਣ ਬਿਲਕੁਲ ਮੁਫ਼ਤ ਦਿੰਦੇ ਹਾਂ - ਹੋਰ ਵੇਰਵਿਆਂ ਲਈ ਸਫ਼ਾ 15 ਵੇਖੋ।

ਅਤੇ ਜੇ ਤੁਸੀਂ ਟਾੱਇਲਟ ਦੀ ਖ਼ਰਾਬ ਫ਼ਲਸ਼ ਬਦਲਣੀ ਹੈ, ਤਾਂ ਉਸਦੀ ਥਾਂ ਤੁਸੀਂ ਦੁਹਰੇ ਫਲਸ਼ ਵਾਲੀ ਫ਼ਿਟਿੰਗ ਬਾਰੇ ਸੋਚੋ। ਉਹਨਾਂ ਤੇ, ਮਿਆਰੀ ਰੂਪ ਤੋਂ ਬਹੁਤਾ ਵੱਧ ਖ਼ਰਚ ਨਹੀਂ ਹੁੰਦਾ ਅਤੇ ਉਹ ਫ਼ਲਸ਼ ਕਰਨ ਦੇ ਪਾਣੀ ਦੀ ਮਿਕਦਾਰ ਘਟਾਉਣ ਦਾ ਇਕ ਵਧੀਆ ਤਰੀਕਾ ਹਨ।



ਹੈ ਕਿ ਤੁਸੀਂ ਆਪਣੇ ਬਿਜਲੀ ਦੇ ਬਿੱਲਾਂ ਤੇ ਵੀ ਪੈਸਾ ਬਚਾਓਗੇ

# ਆਪਣਾ ਬਗ਼ੀਚਾ ਵਧਾਓ, ਆਪਣਾ ਬਿੱਲ ਨਹੀਂ

ਤੁਹਾਡੇ ਬਗ਼ੀਚੇ ਵਿਚ ਪਾਣੀ ਦੀ ਵਧੇਰੇ ਲੋੜ ਪੈ ਸਕਦੀ ਹੈ। ਇਹਨਾਂ ਨੁਕਤਿਆਂ ਨਾਲ ਇਹ ਤੁਹਾਡੇ ਬਿਲ ਨੂੰ ਬਹੁਤ ਜ਼ਿਆਦਾ ਵਾਧਾ ਕੀਤੇ ਬਿਨਾ ਬਹੁਤ ਵਧੀਆ ਵੱਧ-ਫੁੱਲ ਸਕਦੇ ਹਨ।

## ਕਰ ਸਕਦਾ/ਸਕਦੀ ਹਾਂ ਵਾਲਾ ਨਜ਼ਰੀਆ

ਹੋਜ਼ ਪਾਈਪ ਜਾਂ ਸਪ੍ਰਿੰਕਲਰ ਦੀ ਥਾਂ ਬੂਟਿਆਂ ਨੂੰ ਪਾਣੀ ਦੇਣ ਵਾਲੀ ਕੈਨ ਨਾਲ ਘੱਟ ਪਾਣੀ ਲੱਗਦਾ ਹੈ ਅਤੇ ਤੁਹਾਡੇ ਬੂਟਿਆਂ ਲਈ ਛੋਟੀਆਂ ਛੋਟੀਆਂ ਬੂੰਦਾਂ ਚੰਗੀਆਂ ਹੁੰਦੀਆਂ ਹਨ।

ਆਪਣੇ ਬਗ਼ੀਚੇ ਵਿਚ ਤੜਕਸਾਰ ਜਾਂ ਸ਼ਾਮੀਂ ਦੇਰ ਨਾਲ ਪਾਣੀ ਦੇਣਾ ਯਕੀਨੀ ਬਣਾਓ, ਉਸ ਵੇਲੇ ਭਾਫ ਰਾਹੀਂ ਪਾਣੀ ਉਡਣ ਦਾ ਘੱਟ ਨੁਕਸਾਨ ਹੋਏਗਾ। ਬੂਟਿਆਂ ਦੀਆਂ ਜੜ੍ਹਾਂ ਨੂੰ ਪਾਣੀ ਦਿਓ, ਪੱਤਿਆਂ ਨੂੰ ਨਹੀਂ।



## ਆਲੇ ਦੁਆਲੇ ਘਾਹ-ਫੂਸ ਪਾਓ

ਘਾਹ-ਪੱਤੇ ਪਾਉਣ ਨਾਲ, ਮਿੱਟੀ ਵਿਚ ਨਮੀ ਬਣੀ ਰਹਿਣ ਕਰਕੇ ਸੁਰਖਿਆ ਮਿਲਦੀ ਹੈ ਅਤੇ ਨਦੀਨ ਨਹੀਂ ਹੁੰਦੇ।

ਆਮ ਤੌਰ ਤੇ ਦਰਖ਼ਤਾਂ ਦੀ ਸੱਕ ਦੇ ਟੁਕੜੇ, ਕੋਕੋ ਦੇ ਸਖ਼ਤ ਖੋਲ, ਖਾਦ ਜਾਂ ਘਰ ਦੀ ਬਣੀ ਖਾਦ, ਇਹ ਸੁਰਖਿਆ ਦਿੰਦੀ ਹੈ। ਤੁਸੀਂ ਪਲਾਸਟਿਕ ਦੀ ਸ਼ੀਟ ਦੀ ਪਰਤ ਤੇ ਵੀ ਆਪਣੀਆਂ ਸਬਜ਼ੀਆਂ ਲਾ ਸਕਦੇ ਹੋ।

## ਲਮਕਣ ਵਾਲੀ ਟੋਕਰੀ ਦੀ ਸ਼ਾਨੋ-ਸ਼ੌਕਤ

ਬਲਿਊ ਪੀਟਰ ਦੀ ਵੱਡਮੁੱਲੀ ਰਿਵਾਇਤ ਵਿਚ - ਆਪਣੀਆਂ ਲਮਕਣ ਵਾਲੀਆਂ ਟੋਕਰੀਆਂ ਨੂੰ ਘਰ ਵਿਚ ਬਣਾਉਣਾ, ਇੱਕ ਚੰਗਾ ਵਿਚਾਰ ਹੈ।

ਪਲਾਸਟਿਕ ਦੀ ਬੋਤਲ ਨੂੰ ਹੇਠਿਓਂ ਕੱਟੋ ਅਤੇ ਇਸਦੇ ਪਾਸਿਆਂ ਤੇ ਛੋਟੀਆਂ ਛੋਟੀਆਂ ਮੋਰੀਆਂ ਕਰੋ। ਇਸਦਾ ਉਪਰਲਾ ਹਿੱਸਾ ਹੇਠਾਂ (ਢੱਕਣ ਲੱਗਾ ਰਹਿਣ ਦਿਓ) ਵਲ ਕਰਕੇ ਲਮਕਣ ਵਾਲੀ ਟੋਕਰੀ ਵਿਚ ਰਖੋ। ਆਪਣੀ ਟੋਕਰੀ ਵਿਚ ਪਾਣੀ ਪਾਉਣ ਲੱਗਿਆਂ, ਸਿਰਫ਼ ਹਰ ਵਾਰੀ ਇਸ ਭਾਂਡੇ ਨੂੰ ਭਰੋ। ਇਸ ਨਾਲ ਪਾਣੀ ਬਰਾਬਰ ਫੈਲੇਗਾ ਅਤੇ ਰਿਸੇਗਾ ਨਹੀਂ।



ਪਾਣੀ ਦਾ ਪੀਪਾ ਲਾਕੇ ਮੀਂਹ ਦੇ ਚੰਗੇ ਪਾਣੀ

## ਸਹੀ ਬੂਟੇ ਚੁਣੋ

ਜਦੋਂ ਤੁਸੀਂ ਬਗ਼ੀਚੇ ਦੇ ਐਨ ਵਿਚਕਾਰ ਹੋਵੋ, ਤਾਂ ਜਰੇਨੀਅਮਸ ਵਰਗੇ ਔੜ ਦਾ ਮੁਕਾਬਲਾ ਕਰਨ ਵਾਲੇ ਬੂਟੇ ਲਾਉਣ ਬਾਰੇ ਸੋਚੋ। ਉਹ ਬਹੁਤ ਵਧੀਆ ਲੱਗਦੇ ਹਨ ਅਤੇ ਘੱਟ ਪਾਣੀ ਦੀ ਲੋੜ ਪੈਂਦੀ ਹੈ।

ਅਤੇ ਪਲਾਸਟਿਕ ਲਾਈਨਰ, ਜਿਸ ਵਿਚ ਮੋਰੀਆਂ ਹੋਣ ਵਾਲੇ ਮਿੱਟੀ ਅਤੇ ਪਕਾਈ ਹੋਈ ਮਿੱਟੀ ਦੇ ਗਮਲੇ ਰਖਣਾ ਨਾ ਭੁਲੋ। ਇਸ ਨਾਲ ਨਮੀ ਬਣਾਈ ਰਖਣ ਵਿਚ ਮਦਦ ਮਿਲੇਗੀ।

## ਇਸ ਲਈ ਕੋਈ ਪੀਪਾ ਨਹੀਂ

ਤੁਹਾਡੀ ਛੱਤ ਤੇ ਵਰ੍ਹਣ ਵਾਲਾ ਮੀਂਹ ਦਾ ਸਾਰਾ ਸੁਹਣਾ ਪਾਣੀ ਪੀਪੇ ਵਿਚ ਇਕੱਠਾ ਹੁੰਦਾ ਹੈ, ਇਸ ਤਰ੍ਹਾਂ ਤੁਸੀਂ ਆਪਣੇ ਬੂਟਿਆਂ ਨੂੰ ਮੁਫ਼ਤ ਦਾ ਪਾਣੀ ਦੇ ਸਕਦੇ ਹੋ।

ਬੂਟਿਆਂ ਨੂੰ ਮੀਂਹ ਦਾ ਪਾਣੀ ਚੰਗਾ ਲੱਗਦਾ ਹੈ, ਇਸ ਲਈ ਆਪਣੀ ਟੂਟੀ ਦਾ ਪਾਣੀ ਬਰਬਾਦ ਕਰਨ ਦੀ ਲੋੜ ਨਹੀਂ। ਉਹ ਇਸਦੇ ਲਈ ਤੁਹਾਡਾ ਸ਼ੁਕਰੀਆ ਅਦਾ ਕਰਨਗੇ, ਅਤੇ ਨਾਲ ਹੀ ਲੰਮੇ ਸਮੇਂ ਵਿਚ, ਤੁਹਾਡੇ ਬੈਂਕ ਵਿਚਲੀ ਜਮ੍ਹਾ ਰਕਮ ਵੀ ਬਣੀ ਰਹੇਗੀ।

ਤੁਸੀਂ ਦਿੱਤੀ ਗਈ ਸਾਡੀ ਵੈਬਸਾਈਟ ਰਾਹੀਂ ਪਾਣੀ ਦੇ ਪੀਪੇ ਦਾ ਆੱਰਡਰ ਦੇ ਸਕਦੇ ਹਨ **unitedutilities.com/waterwise**



## ਇੱਕ ਛਿਣ ਰੁਕੋ... ਕੀ ਤੁਹਾਨੂੰ ਪਤਾ ਹੈ? ?

ਯੂਕੇ ਦੀਆਂ ਛੱਤਾਂ ਤੇ ਹਰ ਸਾਲ ਔਸਤਨ 90,000 ਲੀਟਰ ਪਾਣੀ ਇਕੱਠਾ ਹੁੰਦਾ ਹੈ – ਤੁਹਾਡੇ ਪਾਣੀ ਦੇ ਪੀਪੇ ਨੂੰ ਭਰਿਆ ਰੱਖਣ ਤੋਂ ਕਿਤੇ ਵੱਧ।

ਹੋਜ਼ ਪਾਈਪ ਜਾਂ ਸਪ੍ਰਿੰਕਲਰ ਨਾਲ ਹਰ ਘੰਟੇ 540 ਲੀਟਰ ਪਾਣੀ ਵਰਤਿਆ ਜਾਂਦਾ ਹੈ। ਓਹ!

ਅਸਲ ਵਿਚ ਬਗੀਚਿਆਂ ਲਈ ਸਪ੍ਰਿੰਕਲਰ ਅਤੇ ਹੋਜ਼ ਪਾਈਪ ਠੀਕ ਨਹੀਂ ਹਨ। ਉਹਨਾਂ ਨਾਲ ਜੜ੍ਹਾਂ ਡੂੰਘੀਆਂ ਨਹੀਂ ਜਾਂਦੀਆਂ।

ਨੂੰ ਇਕੱਠਾ ਕਰਕੇ, ਇਸਦੀ ਚੰਗੀ ਵਰਤੋਂ ਕਰੋ

# ਇਸਦੀ ਵਰਤੋਂ ਕਰੋ, ਇਸਨੂੰ ਗੁਆਓ ਨਾ

**ਪਾਣੀ ਰਿਸਣ ਵਾਲੀਆਂ ਕੁਝ ਥਾਵਾਂ ਦਾ ਪਤਾ ਨਹੀਂ ਲੱਗ ਸਕਦਾ। ਉਹ ਅਕਸਰ ਵਿਖਾਈ ਨਹੀਂ ਦਿੰਦੇ - ਪਲਸਤਰ ਵਾਲੀ ਕੰਧ ਵਿਚਲੇ ਪਾਈਪ ਵਿਚ, ਗੁਮਟੀ ਵਿਚ ਲੱਗੀ ਪਾਣੀ ਦੀ ਟੰਕੀ ਤੇ, ਜਾਂ ਇਥੋਂ ਤੱਕ ਕਿ ਤੁਹਾਡੇ ਬਗ਼ੀਚੇ ਵਿਚ ਹੇਠਲੀ ਪਾਈਪ ਤੋਂ ਬਾਹਰ।**

ਇਹ ਸਿਰਫ਼ ਬਰਬਾਦੀ ਨਹੀਂ ਹੈ, ਬਲਕਿ ਇਹ ਤੁਹਾਡੇ ਘਰ ਨੂੰ ਨੁਕਸਾਨ ਵੀ ਪੁਚਾ ਰਹੀ ਹੈ। ਅਤੇ, ਜੇ ਤੁਹਾਡਾ ਬਿੱਲ ਪਾਣੀ ਦੇ ਮੀਟਰ ਦੀ ਰੀਡਿੰਗ ਨਾਲ ਆਉਂਦਾ ਹੈ, ਤਾਂ ਤੁਸੀਂ ਵਾਕਈ ਪੈਸੇ ਨੂੰ ਪਾਣੀ ਵਿਚ ਰੋੜ੍ਹ ਰਹੇ ਹੋ।

ਕਿਉਂਕਿ ਤੁਹਾਡਾ ਪਾਣੀ ਦਾ ਮੀਟਰ ਰਿਸਣ ਵਾਲੇ ਪਾਈਪ ਅਤੇ ਤੁਹਾਡੇ ਰੋਜ਼ ਦੇ ਪਾਣੀ ਦੀ ਵਰਤੋਂ ਵਿਚਕਾਰ ਫ਼ਰਕ ਨਹੀਂ ਦੱਸ ਸਕਦਾ - ਦੋਵਾਂ ਨਾਲ ਮੀਟਰ ਚਲਦਾ ਹੈ ਅਤੇ ਉਹ ਤੁਹਾਡੇ ਬਿੱਲ ਵਿਚ ਵਾਧਾ ਕਰਨਗੇ। (ਅਤੇ ਕਿਰਪਾ ਕਰਕੇ ਚੋਣ ਵਾਲੀਆਂ ਟੂਟੀਆਂ ਜਾਂ ਫ਼ਲਸ਼ ਤੁਹਾਡੇ ਟਾੱਇਲਟ ਦੀ ਬਾਉਲ ਵਿਚ ਭਰਨ ਤੋਂ ਬਾਅਦ ਪਾਣੀ ਵਗ ਰਿਹਾ ਹੈ, ਤਾਂ ਦੋਹਾਂ ਨੂੰ ਨਜ਼ਅੰਦਾਜ਼ ਨਾ ਕਰੋ - ਦੋਹਾਂ ਨਾਲ ਖ਼ੂਨ-ਪਸੀਨੇ ਨਾਲ ਕਮਾਏ ਗਏ ਪੈਸੇ ਦਾ ਬਹੁਤਾ ਹਿੱਸਾ ਬਰਬਾਦ ਹੋ ਰਹੇ ਪਾਣੀ ਤੇ ਲੱਗ ਸਕਦਾ ਹੈ।)

ਚੰਗੀ ਗੱਲ ਇਹ ਹੈ ਕਿ ਰਿਸਣ ਵਾਲੇ ਪਾਣੀ ਦੀ ਜਾਂਚ ਕਰਨ ਦਾ ਇੱਕ ਅਸਾਨ ਜਿਹਾ ਤਰੀਕਾ ਹੈ, ਜਿਸ ਲਈ ਤੁਹਾਨੂੰ ਆਪਣੇ ਆਪ ਕੰਮ ਕਰਨ ਵਾਲਾ ਦੇਵੀ ਜਾਂ ਦੇਵਤਾ ਬਣਨ ਦੀ ਲੋੜ ਨਹੀਂ ਪੈਣੀ!



**ਪੜਾਅ 1:** ਸਾਰੀਆਂ ਟੂਟੀਆਂ ਅਤੇ ਉਪਕਰਣ ਬੰਦ ਕਰੋ, ਜਿਹਨਾਂ ਵਿਚ ਪਾਣੀ ਵਰਤਿਆ ਜਾਂਦਾ ਹੈ।

**ਪੜਾਅ 2:** 30 ਮਿੰਟ ਤੱਕ ਉਡੀਕੋ, ਫਿਰ ਮੀਟਰ ਰੀਡਿੰਗ ਲਓ (ਲਾਲ ਨੰਬਰਾਂ ਸਮੇਤ)।

**ਪੜਾਅ 3:** ਕਿਸੇ ਵੀ ਪਾਣੀ ਦੀ ਇੱਕ ਹੋਰ ਘੰਟਾ ਵਰਤੋਂ ਨਾ ਕਰੋ, ਫਿਰ ਇੱਕ ਹੋਰ ਮੀਟਰ ਰੀਡਿੰਗ ਲਓ।

**ਪੜਾਅ 4:** ਦੋਹਾਂ ਰੀਡਿੰਗਾਂ ਦੀ ਤੁਲਨਾ ਕਰੋ। ਕੀ ਉਹਨਾਂ ਵਿਚ ਫ਼ਰਕ ਹੈ? ਜੇ ਇੰਜ ਹੈ, ਤਾਂ ਤੁਹਾਡੇ ਘਰ ਦਾ ਪਾਣੀ ਰਿਸ ਰਿਹਾ ਹੋ ਸਕਦਾ ਹੈ।

ਜੇ ਇਹ ਪਾਣੀ ਤੁਹਾਡੇ ਪਾਣੀ ਦੀ ਸਪਲਾਈ ਤੋਂ ਬਾਹਰ ਰਿਸ ਰਿਹਾ ਹੋਵੇ, ਤਾਂ ਹੋ ਸਕਦਾ ਹੈ ਕਿ ਅਸੀਂ ਇਸਦੀ ਤੁਹਾਡੇ ਲਈ ਮੁਫ਼ਤ ਮੁਰੰਮਤ ਕਰ ਸਕੀਏ। ਅਸੀਂ, ਇਹ ਵੀ ਹੋ ਸਕਦਾ ਹੈ ਕਿ ਬਰਬਾਦ ਹੋਏ ਪਾਣੀ ਦੀ ਲਾਗਤ, ਤੁਹਾਨੂੰ ਵਾਪਸ ਕਰ ਸਕੀਏ। ਬਦਕਿਸਮਤੀ ਨਾਲ, ਅਸੀਂ ਅੰਦਰੂਨੀ ਨਲਸਾਜ਼ੀ ਦੀ ਮੁਰੰਮਤ ਨਹੀਂ ਕਰ ਸਕਦੇ ਜਾਂ ਤੁਹਾਡੇ ਘਰ ਦੇ ਅੰਦਰ ਫਟੀ ਪਾਈਪ ਨਾਲ ਬਰਬਾਦ ਹੋਏ ਪਾਣੀ ਦੀ ਲਾਗਤ ਨਹੀਂ ਦੇ ਸਕਦੇ।

ਪਾਣੀ ਰਿਸਣ ਵਾਲੀ ਥਾਂ ਦਾ ਕਿਵੇਂ ਪਤਾ ਲਾਓ ਅਤੇ ਤੁਸੀਂ, ਸਾਡੇ ਵਲੋਂ ਦਿੱਤੀ ਜਾਂਦੀ ਮਦਦ ਬਾਰੇ ਹੋਰ ਜਾਣਕਾਰੀ ਦਿੱਤੀ ਗਈ ਵੈਬਸਾਈਟ ਤੋਂ ਪਤਾ ਲਾ ਸਕਦੇ ਹੋ **unitedutilities.com/bursthome**

# ਪਾਣੀ ਮਾਹੌਲ ਤੇ ਕਿਵੇਂ ਅਸਰ ਪਾਉਂਦਾ ਹੈ

ਇਹ ਚਿੱਤਰ ਪਾਣੀ ਦੀ ਸਪਲਾਈ ਦੀ ਮੰਗ ਦਾ ਬਿਜਲੀ ਸਟੇਸ਼ਨਾਂ ਤੋਂ ਨਿਕਲਣ ਵਾਲੀ $CO_2$ ਦੀ ਨਿਕਾਸੀ* ਤੇ ਸਿੱਧਿਆਂ ਕਿਵੇਂ ਅਸਰ ਪੈਂਦਾ ਹੈ, ਬਾਰੇ ਦੱਸਦਾ ਹੈ। ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਘਰ ਦੇ ਕਾਰਬਨ ਦੀ ਨਿਕਾਸੀ ਦਾ ਪੰਜਵਾਂ ਹਿੱਸਾ ਸਿਰਫ਼ ਗੁਸਲਖ਼ਾਨੇ, ਸ਼ਾਵਰਾਂ ਅਤੇ ਧੋਆ-ਧੁਆਈ ਲਈ ਗਰਮ ਕੀਤੇ ਜਾਣ ਵਾਲੇ ਪਾਣੀ ਦਾ ਹੁੰਦਾ ਹੈ।

ਤੁਹਾਡੇ ਘਰ, ਰੋਜ਼ ਪੀਣ ਵਾਲੇ ਪਾਣੀ ਨੂੰ ਇਕੱਠਾ ਕਰਨ, ਸਾਫ਼ ਕਰਨ ਅਤੇ ਪੰਪ ਨਾਲ ਭੇਜਣ ਲਈ, ਪਾਣੀ ਨੂੰ ਸਾਫ਼ ਕਰਨ ਵਾਲੀਆਂ ਸਾਡੇ ਪਲਾਂਟਾਂ ਵਿਚ, ਬਹੁਤ ਸਾਰੀ ਬਿਜਲੀ ਲੱਗਦੀ ਹੈ

**ਪਾਣੀ ਬਚਾਉਣ ਨਾਲ ਤੁਹਾਡੀ ਕਾਰਬਨ ਦੀ ਨਿਕਾਸੀ ਘਟਾਉਣ ਵਿਚ ਮਦਦ ਮਿਲਦੀ ਹੈ**

ਘਰ ਵਿਚ ਪਾਣੀ ਦੀ ਵਰਤੋਂ ਸਿਆਣਪ ਨਾਲ ਕਰਨ ਨਾਲ ਬਰਬਾਦੀ ਰੁਕੇਗੀ ਅਤੇ ਤੁਹਾਡਾ ਬਿਜਲੀ ਦਾ ਬਿੱਲ ਘਟੇਗਾ




**ਪਾਣੀ ਬਚਾਉਣ ਨਾਲ ਸਾਡੀ ਕਾਰਬਨ ਦੀ ਨਿਕਾਸੀ ਘਟਾਉਣ ਵਿਚ ਮਦਦ ਮਿਲਦੀ ਹੈ**

ਤੁਹਾਡੇ ਘਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਨਿਕਲਣ ਵਾਲੇ ਪਾਣੀ ਨੂੰ ਚੌਗਿਰਦੇ ਵਿਚ ਭੇਜਣ ਤੋਂ ਪਹਿਲਾਂ ਸਾਫ਼ ਕੀਤੇ ਜਾਣ ਦੀ ਲੋੜ ਪੈਂਦੀ ਹੈ। ਇਹ ਕੰਮ ਕਰਨ ਲਈ, ਗੰਦੇ ਪਾਣੀ ਨੂੰ ਸਾਫ਼ ਕਰਨ ਵਾਲੇ ਸਾਡੇ ਪਲਾਂਟਾਂ ਵਿਚ ਬਹੁਤ ਸਾਰੀ ਬਿਜਲੀ ਲੱਗਦੀ ਹੈ

*'ਜ਼ਹਿਰੀਲੀਆਂ ਗੈਸਾਂ' ਦੀ ਨਿਕਾਸੀ ਦੁਨੀਆ ਦੇ ਚੌਗਿਰਦੇ ਵਿਚ ਤਬਦੀਲੀ ਲਿਆ ਰਹੀਆਂ ਹਨ। ਮੁਖ ਜ਼ਹਿਰੀਲੀ ਗੈਸ, ਕਾਰਬਨ ਡਾਈਆਕਸਾਈਡ ($CO_2$) ਹੈ, ਇਹ ਉਦੋਂ ਨਿਕਲਦੀ ਹੈ, ਜਦੋਂ ਅਸੀਂ ਊਰਜਾ ਲਈ, ਕੋਲੇ, ਤੇਲ ਅਤੇ ਗੈਸ ਵਰਗੇ ਜ਼ਮੀਨ ਹੇਠੋਂ ਨਿਕਲੇ ਈਂਧਣਾਂ ਨੂੰ ਜਲਾਉਂਦੇ ਹਾਂ।

# ਪਾਣੀ ਦੇ ਮੀਟਰ ਨਾਲ ਆਪਣਾ ਬਿੱਲ ਘਟਾਓ

## ਤੁਹਾਡੇ ਬਿੱਲ ਨੂੰ ਘੱਟ ਕਰਨ ਦਾ ਬਿਹਤਰੀਨ ਤਰੀਕਾ ਪਾਣੀ ਦਾ ਮੀਟਰ ਹੋ ਸਕਦਾ ਹੈ।

ਤੁਹਾਡੀਆਂ ਲਾਗਤਾਂ, ਤੁਹਾਡੇ ਵਲੋਂ ਵਰਤੇ ਜਾਂਦੇ ਪਾਣੀ ਅਨੁਸਾਰ ਹੋਣਗੀਆਂ, ਇਸ ਲਈ ਜਿੰਨੇ ਪਾਣੀ ਪਾਣੀ ਦਾ ਸਰਫਾ ਕਰਦੇ ਹੋ ਤੁਸੀਂ ਓਨਾ ਹੀ ਵੱਧ ਪੈਸਾ ਬਚਾਉਂਦੇ ਹੋ।

ਜੇ ਤੁਸੀਂ ਇਕੱਲੇ ਰਹਿੰਦੇ ਹੋ, ਤੁਹਾਡਾ ਛੋਟਾ ਪਰਿਵਾਰ ਹੈ ਜਾਂ ਕਾਫ਼ੀ ਵੱਧ ਨਿਰਧਾਰਤ ਬਿੱਲ ਦਿੰਦੇ ਹੋ, ਤੁਸੀਂ ਪੈਸੇ ਬਚਾ ਸਕਦੇ ਹੋ।

ਅਤੇ ਗੱਲ ਇਥੇ ਹੀ ਨਹੀਂ ਮੁੱਕ ਜਾਂਦੀ। ਤੁਹਾਡੇ ਪਾਣੀ ਦੀ ਵਰਤੋਂ ਤੇ ਕੰਟਰੋਲ ਕਰਨ ਲਈ ਤੁਹਾਡੀ ਮਦਦ ਕਰਕੇ, ਮੀਟਰ, ਤੁਹਾਡੀ ਕਾਰਬਨ ਦੀ ਨਿਕਾਸੀ ਨੂੰ ਘਟਾ ਸਕਦਾ ਹੈ, ਅਤੇ ਗਰਮ ਪਾਣੀ ਦੀ ਵਰਤੋਂ ਘੱਟ ਕਰਕੇ ਤੁਹਾਡੇ ਬਿਜਲੀ ਦੇ ਬਿੱਲਾਂ ਤੇ ਪੈਸਾ ਬਚਾਉਣ ਵਿਚ ਮਦਦ ਕਰਕੇ - ਤੁਹਾਨੂੰ ਤੁਹਾਡੇ ਆਪਣੇ ਘਰ ਵਿਚ ਚੌਗਿਰਦੇ ਦਾ ਹੀਰੋ ਬਣਾਉਂਦਾ ਹੈ।



## ਅਸੀਂ ਪਾਣੀ ਦਾ ਮੀਟਰ ਮੁਫ਼ਤ ਲਾ ਸਕਦੇ ਹਾਂ, ਅਤੇ ਇਸਨੂੰ ਲੁਆਉਣਾ ਇਸ ਤੋਂ ਅਸਾਨ ਨਹੀਂ ਹੋ ਸਕਦਾ।

### ਤੁਸੀਂ ਕਰ ਸਕਦੇ ਹੋ:



**ਕਲਿੱਕ:** ਇਸ ਵੈਬਸਾਈਟ ਤੇ ਆੱਨਲਾਈਨ ਅਰਜ਼ੀ ਦਿਓ **unitedutilities.com/meters**. ਤੁਹਾਨੂੰ ਇਥੇ ਮੀਟਰਾਂ ਬਾਰੇ ਹੋਰ ਬਹੁਤ ਸਾਰੀ ਜਾਣਕਾਰੀ ਵੀ ਮਿਲੇਗੀ।



**ਕਾੱਲ ਕਰੋ:** ਸਾਨੂੰ **0845 303 7744** ਤੇ ਫੋਨ ਕਰੋ ਅਤੇ ਬਾਕੀ ਕੰਮ ਅਸੀਂ ਕਰਾਂਗੇ।

### ਇਸ ਨੂੰ ਇੱਕ ਸਾਲ ਤੱਕ ਚਲਾਓ... ਜੇ ਤੁਹਾਨੂੰ ਚੰਗਾ ਨਹੀਂ ਲੱਗਦਾ, ਤਾਂ ਵਾਪਸ ਕਰ ਦਿਓ।

ਜੇ ਤੁਸੀਂ, ਆਪਣੇ ਪਾਣੀ ਦੇ ਮੀਟਰ ਤੋਂ ਹੋਣ ਵਾਲੀਆਂ ਬੱਚਤਾਂ ਤੋਂ ਨਾਖੁਸ਼ ਹੋ, ਤਾਂ ਤੁਸੀਂ 13 ਮਹੀਨੇ ਦੇ ਅੰਦਰ-ਅੰਦਰ, ਆਪਣੇ ਘਰ ਦੇ ਮੁੱਲ ਦੇ ਅਧਾਰ ਤੇ ਤੈਅ ਕੀਤੇ ਗਏ ਆਪਣੇ ਪੁਰਾਣੇ ਬਿੱਲ ਤੇ ਵਾਪਸ ਆ ਸਕਦੇ ਹੋ।

# ਅੱਜ ਹੀ ਪਾਣੀ ਦੀ ਬਚਤ ਕਰਨ ਵਾਲੇ ਆਪਣੇ ਮੁਫ਼ਤ ਪੈਕ ਦਾ ਆੱਰਡਰ ਕਰੋ!

## ਪਾਣੀ ਅਤੇ ਪੈਸਾ ਬਚਾਉਣ ਦੇ ਤੁਹਾਡੇ ਮਿਸ਼ਨ ਵਿਚ ਤੁਹਾਡੀ ਮਦਦ ਲਈ ਪਾਣੀ ਬਚਾਉਣ ਵਾਲੇ ਮੁਫ਼ਤ ਪੈਕ ਦਾ ਆੱਰਡਰ ਕਰਨ ਲਈ ਸਾਡੀ ਵੈਬਸਾਈਟ ਤੇ ਜਾਓ।

ਚੋਣ ਕਰਨ ਲਈ ਬਹੁਤ ਸਾਰੀਆਂ ਚੀਜ਼ਾਂ ਹਨ, ਜਿਵੇਂ:

- **ਸ਼ਾਵਰ ਰੈਗੁਲੇਟਰ:** ਇਕ ਕੁਸ਼ਲ ਉਪਕਰਣ, ਜੋ ਤੁਸੀਂ, ਆਪਣੇ ਮੌਜੂਦਾ ਸ਼ਾਵਰ ਨਾਲ ਲਾਉਂਦੇ ਹੋ, ਤਾਂ ਹਰ ਵਾਰੀ ਜਦੋਂ ਤੁਸੀਂ ਸ਼ਾਵਰ ਲੈਂਦੇ ਹੋ, ਪਾਣੀ ਦੀ ਬਚਤ ਅਤੇ ਤੁਹਾਡੇ ਬਿਜਲੀ ਦੇ ਬਿੱਲ ਨੂੰ ਬਚਾਉਣ ਵਿਚ ਤੁਹਾਡੀ ਮਦਦ ਕਰਦਾ ਹੈ। ਯਾਦ ਰਖੋ, ਇਹ ਬਿਜਲੀ ਨਾਲ ਚੱਲਣ ਵਾਲੇ ਸ਼ਾਵਰਾਂ ਲਈ ਢੁਕਵਾਂ ਨਹੀਂ ਹੈ;
- **ਫ਼ਲਸ਼ ਦਾ ਪਾਣੀ ਬਚਾਉਣ ਵਾਲਾ ਉਪਕਰਣ:** ਇਸਨੂੰ ਆਪਣੇ ਮੌਜੂਦਾ ਸਿਸਟਰਨ ਵਿਚ ਪਾਓ (ਬਸ਼ਰਤੇ ਕਿ ਤੁਹਾਡੇ ਕੋਲ ਪਹਿਲਾਂ ਤੋਂ ਹੀ ਦੂਹਰੇ ਫ਼ਲਸ਼ ਵਾਲੀ ਟਾੱਇਲਟ ਨਾ ਹੋਵੇ) ਅਤੇ ਫ਼ਲਸ਼ ਕੀਤੇ ਜਾਣ ਵਾਲੇ ਪਾਣੀ ਦੀ ਮਾਤਰਾ ਘਟਾਓ;
- **ਸ਼ਾਵਰ ਟਾਈਮਰ:** ਇਸ ਲਈ ਤੁਸੀਂ ਆਪਣਾ ਕਰਾਓਕੇ ਸੈਸ਼ਨ 4 ਮਿੰਟਾਂ ਤੱਕ ਰਖ ਸਕਦੇ ਹੋ;
- **ਟੂਟੀ ਵਿਚ ਪੈਣ ਵਾਲੀਆਂ ਦੀਆਂ ਦੋ ਚੀਜ਼ਾਂ ਦਾ ਪੈਕ:** ਲਾਉਣਾ ਅਸਾਨ ਹੈ, ਇਹ ਚੀਜ਼ਾਂ ਕਾਰਗੁਜ਼ਾਰੀ ਤੇ ਅਸਰ ਪਾਏ ਬਿਨਾ ਤੁਹਾਡੀ ਟੂਟੀ ਤੋਂ ਤੁਹਾਡੇ ਵਲੋਂ ਵਰਤੀ ਜਾਂਦੀ ਪਾਣੀ ਦੀ ਮਾਤਰਾ ਨੂੰ ਘਟਾਉਂਦੀਆਂ ਹਨ।

### ਇਥੇ ਆਪਣੇ ਪੈਕ ਦਾ ਆੱਰਡਰ ਦਿਓ:

**unitedutilities.com/waterwise**

## ਜ਼ਿੰਦਗੀ ਨੂੰ ਨਿਰਵਿਘਨ ਤਰੀਕੇ ਨਾਲ ਚਲਾਉਣ ਵਿਚ ਮਦਦ ਕਰਨਾ

ਯੂਨਾਇਟਿਡ ਯੂਟੀਲੀਟਿਜ਼ ਨਾੱਰਥ ਵੈਸਟ ਦੀ ਪਾਣੀ ਦੀ ਕੰਪਨੀ ਹੈ। ਅਸੀਂ ਰੋਜ਼ ਸੱਤਰ ਲੱਖ ਗਾਹਕਾਂ ਨੂੰ ਟੂਟੀਆਂ ਵਿਚੋਂ ਪਾਣੀ ਆਉਣ ਅਤੇ ਟਾੱਇਲਟਾਂ ਨੂੰ ਫ਼ਲਸ਼ ਕਰਨ ਜੋਗਾ ਪਾਣੀ ਮੁਹਈਆ ਕਰਦੇ ਹਾਂ। ਕ੍ਰੀਵ ਤੋਂ ਕਾਰਲਿਸਲੇ ਤੱਕ, ਅਸੀਂ ਤੁਹਾਡੀ ਜ਼ਿੰਦਗੀ ਨੂੰ ਨਿਰਵਿਘਨ ਤਰੀਕੇ ਨਾਲ ਚਲਾਈ ਰਖਣ ਲਈ ਪਿੱਛੇ ਰਹਿਕੇ ਸਖ਼ਤ ਮਿਹਨਤ ਕਰਦੇ ਹਾਂ।

ਇਹ ਲੀਫ਼ਲੈਟ ਸਾਡੇ ਗਾਹਕਾਂ ਲਈ ਲਾਹੇਵੰਦ ਜਾਣਕਾਰੀ ਵਾਲੀਆਂ ਕਿਤਾਬਾਂ ਦੀ ਲੜੀ ਵਿਚੋਂ ਇੱਕ ਹੈ। ਹੋਰ, ਜਿਹਨਾਂ ਵਿਚ ਤੁਹਾਡੀ ਦਿਲਚਸਪੀ ਹੋ ਸਕਦੀ ਹੈ:

- **ਪਾਈਪਾਂ, ਨਾਲੀਆਂ ਅਤੇ ਸੀਵਰਾਂ ਸਬੰਧੀ ਅਸਾਨ ਗਾਈਡ**
- **ਪਾਣੀ ਦਾ ਮੀਟਰ ਲਾਉਣ ਸਬੰਧੀ ਪੈਕ**
- **ਆਪਣੇ ਘਰ ਦੇ ਪਾਣੀ ਦੇ ਮੀਟਰ ਦੀ ਜਾਂਚ ਕਰਨੀ**
- **ਤੁਹਾਡੇ ਪਾਣੀ ਦੇ ਬਿੱਲ ਦੇ ਭੁਗਤਾਨ ਸਬੰਧੀ ਗਾਈਡ**
- **ਸਾਡੀਆਂ ਐਕਸਟ੍ਰਾਕੇਅਰ ਸੇਵਾਵਾਂ ਸਬੰਧੀ ਗਾਈਡ**
- **ਵਾਟਰਸ਼ਿਓਰ ਲਾਉਣ ਸਬੰਧੀ ਪੈਕ**
- **ਸਾਡਾ ਸ਼ਿਕਾਇਤਾਂ ਸਬੰਧੀ ਅਮਲ**
- **ਸੀਸੇ ਅਤੇ ਆਮ ਸਪਲਾਈ ਦੀਆਂ ਪਾਈਪਾਂ ਬਦਲਣਾ**
- **ਸੇਵਾ ਦੇ ਸਾਡੇ ਮਿਆਰ**

ਸਾਡੀ ਵੈਬਸਾਈਟ ਤੋਂ ਸਾਡੇ ਲੀਫ਼ਲੈਟਾਂ ਵਿਚੋਂ ਕੋਈ ਵੀ ਲੀਫ਼ਲੈਟ ਡਾਉਨਲੋਡ ਕਰ ਸਕਦੇ ਹੋ: **unitedutilities.com/leaflets**, ਇਸਤੋਂ ਅਲਾਵਾ, ਕਿਰਪਾ ਕਰਕੇ **0845 303 7711** ਤੇ ਸਾਡੀ 24-ਘੰਟੇ ਦਾ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਤੇ ਕਾੱਲ ਕਰੋ ਜਾਂ ਹੇਠਾਂ ਦਿੱਤੇ ਪਤੇ ਤੇ ਲਿਖੋ: United Utilities (Dept LR), 1050 Europa Boulevard, Warrington WA55 1LR.

ਸਾਡੀਆਂ ਸਾਰੀਆਂ ਪੁਸਤਕਾਂ ਵੱਡੇ ਅੱਖਰਾਂ, ਬ੍ਰੇਲ ਅਤੇ ਆੱਡੀਓ CD ਜਾਂ ਕੈਸੇਟ ਵਿਚ ਉਪਲਬਧ ਹਨ। ਇਹਨਾਂ ਰੂਪਾਂ ਵਿਚੋਂ ਕਿਸੇ ਵੀ ਲੀਫ਼ਲੈਟ ਦਾ ਆੱਰਡਰ ਕਰਨ ਲਈ ਕਿਰਪਾ ਕਰਕੇ ਸਾਨੂੰ **0845 746 1100** ਤੇ ਕਾੱਲ ਕਰੋ।

ਜੇ ਅੰਗ੍ਰੇਜ਼ੀ ਤੁਹਾਡੀ ਮਾਂ ਬੋਲੀ ਨਹੀਂ ਹੈ, ਸਾਡੀਆਂ ਸਾਰੀਆਂ ਮੁਖ ਪੁਸਤਕਾਂ ਸਾਡੀ ਵੈਬਸਾਈਟ **unitedutilities.com/translations** ਤੇ ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ ਵਿਚ ਵੀ ਉਪਲਬਧ ਹਨ।

ਗੱਲਾਂ ਵਿਚੋਂ ਗੱਲ - ਇਸ ਲੀਫ਼ਲੈਟ ਵਿਚਲੀ ਜਾਣਕਾਰੀ ਸਾਡੇ ਆੱਪ੍ਰੇਟਿੰਗ ਲਾਇਸੈਂਸ ਦੀਆਂ ਸ਼ਰਤਾਂ ਅਤੇ ਰੈਗੁਲੇਟਰ OFWAT ਵਲੋਂ ਦਿੱਤੀ ਗਈ ਪ੍ਰਵਾਨਗੀ ਦੀ ਪਾਲਣਾ ਕਰਦਿਆਂ ਗਾਹਕਾਂ ਨੂੰ ਉਪਲਬਧ ਕਰਾਈ ਗਈ ਹੈ।

## ਜੇ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਹੈ:

ਆਪਣੇ ਬਿੱਲ ਬਾਰੇ ਸਾਡੇ ਨਾਲ ਗੱਲ ਕਰਨ ਲਈ:
**0845 746 1100** ਜੇ ਤੁਹਾਡਾ ਪਾਣੀ ਦਾ ਮੀਟਰ ਨਹੀਂ ਲੱਗਿਆ ਹੋਇਆ
**0845 746 2222** ਜੇ ਤੁਹਾਡਾ ਪਾਣੀ ਦਾ ਮੀਟਰ ਲੱਗਿਆ ਹੋਇਆ ਹੈ
ਖੁਲ੍ਹਣ ਦਾ ਸਮਾਂ: ਸਵੇਰੇ 8 – ਰਾਤੀਂ 8 ਵਜੇ, ਸੋਮਵਾਰ ਤੋਂ ਸ਼ੁੱਕਰਵਾਰ;
ਸਵੇਰੇ 8 – ਸ਼ਾਮੀਂ 5 ਵਜੇ ਸ਼ਨਿਚਰਵਾਰ।

ਆਪਣੇ ਪਾਣੀ ਅਤੇ ਗੰਦੇ ਪਾਣੀ ਦੀਆਂ ਸੇਵਾਵਾਂ ਬਾਰੇ ਸਾਡੇ ਨਾਲ ਗੱਲ ਕਰਨ ਲਈ:
**0845 746 2200**
ਖੁਲ੍ਹਣ ਦਾ ਸਮਾਂ: ਸਵੇਰੇ 8 – ਰਾਤੀਂ 8 ਵਜੇ, ਸੋਮਵਾਰ ਤੋਂ ਸ਼ੁੱਕਰਵਾਰ;
ਸਵੇਰੇ 8 – ਸ਼ਾਮੀਂ 6 ਵਜੇ ਸ਼ਨਿਚਰਵਾਰ; ਸਵੇਰੇ 8 – ਦੁਪਹਿਰੇ 12 ਵਜੇ ਐਤਵਾਰ।

ਜੇ ਤੁਹਾਨੂੰ ਸੁਣਨ ਜਾਂ ਬੋਲਣ ਵਿਚ ਪਰੇਸ਼ਾਨੀ ਹੈ, ਤਾਂ ਟੈਕਸਟਫੋਨ ਦੀ ਵਰਤੋਂ ਕਰੋ, ਕਿਰਪਾ ਕਰਕੇ **18001** ਡਾਇਲ ਕਰਨ ਤੋਂ ਬਾਅਦ, ਆਪਣਾ ਲੋੜੀਂਦਾ ਨੰਬਰ ਮਿਲਾਓ।

ਤੁਸੀਂ ਸਾਨੂੰ ਹੇਠਾਂ ਦਿੱਤੇ ਪਤੇ ਤੇ ਲਿਖ ਸਕਦੇ ਹੋ:
**United Utilities, PO Box 459, Warrington WA55 1WB**

ਜਾਂ ਦਿੱਤੀ ਗਈ ਵੈਬਸਾਈਟ ਆੱਨਲਾਈਨ ਵੇਖੋ:
**unitedutilities.com**

## my account

ਤੁਸੀਂ ਆਪਣੇ ਪਾਣੀ ਦੇ ਖਾਤੇ ਦਾ ਆੱਨਲਾਈਨ ਪ੍ਰਬੰਧ ਕਰ ਸਕਦੇ ਹੋ।
ਹੁਣ ਇਥੇ ਰਜਿਸਟਰ ਕਰੋ: **unitedutilities.com/myaccount**



United Utilities
helping life flow smoothly

United Utilities Water PLC,
Haweswater House, Lingley Mere Business Park, Lingley Green Avenue, Warrington WA5 3LP.
ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ। ਰਜਿਸਟਰਡ ਨੰਬਰ 2366678.

02/13/SD/4966a